NSW GOVERNMENT

## What do I need to know if I want to appeal a suspension or expulsion?

### Parent/carer information

# ਜੇ ਮੈਂ ਮੁਅੱਤਲੀ ਜਾਂ ਬਰਖਾਸਤਗੀ ਵਾਸਤੇ ਅਪੀਲ ਕਰਨਾ ਚਾਹੁੰਦਾ/ਦੀ ਹਾਂ ਤਾਂ ਮੈਨੂੰ ਕੀ ਜਾਣਨ ਦੀ ਲੋੜ ਹੈ?

## ਮਾਪੇ/ਸੰਭਾਲ ਕਰਨ ਵਾਲੇ ਲਈ ਜਾਣਕਾਰੀ

### ਅਪੀਲ ਕੀ ਹੁੰਦੀ ਹੈ?

ਇੱਕ ਅਪੀਲ ਉਦੋਂ ਹੁੰਦੀ ਹੈ ਜਦੋਂ ਤੁਸੀਂ ਫੈਸਲੇ ਨੂੰ ਦੁਬਾਰਾ ਦੇਖਣ ਲਈ ਕਹਿੰਦੇ ਹੋ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਤੁਸੀਂ ਲਏ ਗਏ ਫੈਸਲੇ ਤੋਂ ਖੁਸ਼ ਨਹੀਂ ਹੋ।

### ਮੈਂ ਮੁਅੱਤਲੀ ਜਾਂ ਬਰਖਾਸਤਗੀ ਦੀ ਅਪੀਲ ਕਿਵੇਂ ਕਰਾਂ?

ਤੁਸੀਂ ਮੁਅੱਤਲੀ ਜਾਂ ਬਰਖਾਸਤਗੀ ਲਈ ਅਪੀਲ ਕਰ ਸਕਦੇ ਹੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਪ੍ਰਿੰਸੀਪਲ ਨੇ ਅਣਉਚਿੱਤ ਫੈਸਲਾ ਲਿਆ ਹੈ ਜਾਂ ਨੀਤੀ ਅਤੇ ਪ੍ਰਕਿਰਿਆਵਾਂ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕੀਤੀ ਹੈ। ਵਿਦਿਆਰਥੀ, ਮਾਪੇ ਅਤੇ ਸੰਭਾਲ ਕਰਨ ਵਾਲੇ ਅਪੀਲ ਫਾਰਮ ਭਰ ਸਕਦੇ ਹਨ।

ਸਥਾਨਕ ਸਿੱਖਿਆ ਦਫਤਰ ਵਿੱਚ ਅਪੀਲ ਦਾਇਰ ਕੀਤੀ ਜਾ ਸਕਦੀ ਹੈ। ਸਥਾਨਕ ਸਿੱਖਿਆ ਦਫਤਰ ਪ੍ਰਕਿਰਿਆ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ। ਉਹ ਅਪੀਲ ਲਿਖਣ ਵਿੱਚ ਵੀ ਤੁਹਾਡੀ ਸਹਾਇਤਾ ਕਰ ਸਕਦੇ ਹਨ। ਤੁਹਾਡੇ ਬੱਚੇ ਦਾ ਸਕੂਲ ਤੁਹਾਡੇ ਸਥਾਨਕ ਸਿੱਖਿਆ ਦਫਤਰ ਲਈ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

ਅਪੀਲ ਬਾਰੇ ਫੈਸਲਾ ਡਾਇਰੈਕਟਰ, ਐਜੂਕੇਸ਼ਨਲ ਲੀਡਰਸ਼ਿਪ ਜਾਂ ਐਗਜ਼ੈਕਟਿਵ ਡਾਇਰੈਕਟਰ ਵਲੋਂ ਸਕੂਲ ਪ੍ਰਦਰਸ਼ਨ ਦੁਆਰਾ ਲਿਆ ਜਾਵੇਗਾ ਅਤੇ ਇਸ ਦੀ ਪ੍ਰਕਿਰਿਆ ਵਿੱਚ 15 ਤੋਂ 20 ਸਕੂਲੀ ਦਿਨਾਂ ਦਾ ਸਮਾਂ ਲੱਗੇਗਾ। ਜਦੋਂ ਅਪੀਲ ਦਾਇਰ ਕੀਤੀ ਜਾਂਦੀ ਹੈ ਅਤੇ ਇਸ ਦਾ ਫੈਸਲਾ ਕੀਤਾ ਜਾਂਦਾ ਹੈ ਤਾਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਤੁਸੀਂ ਸਥਾਨਕ ਸਿੱਖਿਆ ਦਫਤਰ ਨਾਲ ਸੰਪਰਕ ਕਰ ਸਕਦੇ ਹੋ ਜਿਥੇ ਅਪੀਲ ਦਾਇਰ ਕੀਤੀ ਗਈ ਸੀ।

#### ਮੁਅੱਤਲੀ ਅਪੀਲ ਦਾ ਨਤੀਜਾ

ਜੇਕਰ ਮੁਅੱਤਲੀ ਅਪੀਲ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਅਤੇ ਫੈਸਲਾ ਲੈਣ ਵਾਲਾ ਤੁਹਾਡੀ ਬੇਨਤੀ ਨਾਲ ਸਹਿਮਤ ਹੁੰਦਾ ਹੈ, ਤਾਂ ਪ੍ਰਿੰਸੀਪਲ ਤੁਹਾਡੇ ਨਾਲ ਸੰਪਰਕ ਕਰੇਗਾ ਇਹ ਪੱਕਾ ਕਰਨ ਲਈ ਕਿ ਤੁਹਾਡਾ ਬੱਚਾ ਜਿੰਨੀ ਜਲਦੀ ਹੋ ਸੱਕੇ ਸਕੂਲੇ ਵਾਪਸ ਆ ਸੱਕੇ। ਅਪੀਲ ਦੇ ਫੈਸਲੇ ਨੂੰ ਤੁਹਾਡੇ ਬੱਚੇ ਦੇ ਰਿਕਾਰਡਾਂ 'ਤੇ ਨੋਟ ਕੀਤਾ ਜਾਵੇਗਾ ਅਤੇ ਮੁਅੱਤਲੀ ਨੂੰ ਤੁਹਾਡੇ ਬੱਚੇ ਦੇ ਰਿਕਾਰਡ ਤੋਂ ਹਟਾ ਦਿੱਤਾ ਜਾਵੇਗਾ।

ਜੇਕਰ ਮੁਅੱਤਲੀ ਬਾਰੇ ਅਪੀਲ ਦਾ ਸਮਰਥਨ ਨਹੀਂ ਕੀਤਾ ਜਾਂਦਾ ਹੈ, ਅਤੇ ਫੈਸਲੇ ਲੈਣ ਵਾਲਾ ਤੁਹਾਡੀ ਬੇਨਤਿ ਨਾਲ ਸਹਿਮਤ ਨਹੀਂ ਹੁੰਦਾ ਹੈ, ਤਾਂ ਤੁਹਾਡਾ ਬੱਚਾ ਸਹਿਮਤੀ ਦੀ ਮਿਤੀ ਤੱਕ ਮੁਅੱਤਲੀ 'ਤੇ ਰਹੇਗਾ।

#### ਬਰਖਾਸਤਗੀ ਅਪੀਲ ਦਾ ਨਤੀਜਾ

ਜੇ ਬਰਖਾਸਗੀ ਬਾਰੇ ਅਪੀਲ ਦਾ ਸਮਰਥਨ ਕੀਤਾ ਜਾਂਦਾ ਹੈ, ਅਤੇ ਫੈਸਲਾ ਲੈਣ ਵਾਲਾ ਤੁਹਾਡੀ ਬੇਨਤੀ ਨਾਲ ਸਹਿਮਤ ਹੁੰਦਾ ਹੈ, ਤਾਂ ਪ੍ਰਿੰਸੀਪਲ ਨੂੰ ਕਿਸੇ ਵੀ ਗੰਭੀਰ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਕੰਮ ਕਰਨ ਅਤੇ ਸਹਾਇਤਾ ਦੇ ਉਪਾਅ ਕਰਨ ਦੀ ਲੋੜ ਹੋਵੇਗੀ ਤਾਂ ਜੋ ਤੁਹਾਡਾ ਬੱਚਾ ਸਕੂਲੇ ਵਾਪਸ ਆ ਸੱਕੇ। ਅਪੀਲ ਦੇ ਫੈਸਲੇ ਨੂੰ ਤੁਹਾਡੇ ਬੱਚੇ ਦੇ ਰਿਕਾਰਡਾਂ 'ਤੇ ਨੋਟ ਕੀਤਾ ਜਾਵੇਗਾ ਅਤੇ ਬਰਖਾਸਤਗੀ ਨੂੰ ਤੁਹਾਡੇ ਬੱਚੇ ਦੇ ਰਿਕਾਰਡਾਂ ਤੋਂ ਹਟਾ ਦਿੱਤਾ ਜਾਵੇਗਾ।

ਜੇਕਰ ਬਰਖਾਸਤ ਕੀਤੇ ਜਾਣ ਬਾਰੇ ਅਪੀਲ ਦਾ ਸਮਰਥਨ ਨਹੀਂ ਕੀਤਾ ਜਾਂਦਾ ਹੈ, ਅਤੇ ਫੈਸਲਾ ਲੈਣ ਵਾਲਾ ਤੁਹਾਡੀ ਬੇਨਤੀ ਨਾਲ ਸਹਿਮਤ ਨਹੀਂ ਹੁੰਦਾ ਤਾਂ ਤੁਹਾਡੇ ਬੱਚੇ ਲਈ ਹੋਰ ਕਈ ਵਿਕਲਪ ਉਪਲਬਧ ਹੋ ਸਕਦੇ ਹਨ। ਪ੍ਰਿੰਸੀਪਲ ਤੁਹਾਡੇ ਬੱਚੇ ਦੀਆਂ ਲੋੜਾਂ ਲਈ ਵਧੇਰੇ ਢੁੱਕਵੀਂ ਪੜ੍ਹਨ ਵਾਲੀ ਦੂਸਰੀ ਜਗ੍ਹਾ ਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਰਲ ਕੇ ਕੰਮ ਕਰੇਗਾ/ਗੀ।

ਜੇ ਬਰਖਾਸਤ ਕੀਤੇ ਜਾਣ ਬਾਰੇ ਅਪੀਲ ਦਾ ਸਮਰਥਨ ਨਹੀਂ ਕੀਤਾ ਜਾਂਦਾ ਹੈ ਅਤੇ ਤੁਹਾਡੇ ਬੱਚੇ ਦੀ ਉਮਰ 17 ਸਾਲ ਜਾਂ ਇਸ ਤੋਂ ਵੱਧ ਹੈ, ਤਾਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਪੜ੍ਹਾਈ ਜਾਰੀ ਰੱਖਣ ਜਾਂ ਕੰਮ ਵੱਲ ਨੂੰ ਤਬਦੀਲੀ ਕਰਨ ਵਾਲੇ ਵਿਕਲਪਾਂ ਦੀ ਭਾਲ ਕਰਨੀ ਚਾਹੀਦੀ ਹੈ।

### ਮੈਨੂੰ ਸਕੂਲ ਤੋਂ ਕਿਹੜੀ ਜਾਣਕਾਰੀ ਮਿਲ ਸਕਦੀ ਹੈ?

ਤੁਸੀਂ ਸਕੂਲ ਨੂੰ ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਪੁੱਛ ਸਕਦੇ ਹੋ ਕਿ ਕੀ ਵਾਪਰਿਆ ਹੈ ਅਤੇ ਕਿਉਂ। ਸਕੂਲ ਨੂੰ ਤੁਹਾਨੂੰ ਕਿਸੇ ਵੀ ਲਏ ਗਏ ਫੈਸਲੇ ਦੇ ਪਿੱਛੇ ਵਰਤੇ ਤਰਕ ਬਾਰੇ ਦੱਸਣਾ ਚਾਹੀਦਾ ਹੈ, ਕਿਹੜੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ ਅਤੇ ਜੇ ਤੁਹਾਨੂੰ ਕੋਈ ਸਮੱਸਿਆ ਹੈ ਤਾਂ ਕੀ ਕਰਨਾ ਹੈ।

### ਮੈਂ ਸ਼ਿਕਾਇਤ ਕਿਵੇਂ ਕਰਾਂ?

ਤੁਹਾਡੇ ਬੱਚੇ ਦੀ ਵਕਾਲਤ ਕਰਨ ਸੰਬੰਧੀ ਜਾਣਕਾਰੀ ਮਾਪਿਆਂ ਲਈ ਉਪਲਬਧ ਹੈ। ਜੇ ਮੁਅੱਤਲੀ ਜਾਂ ਬਰਖਾਸਤਗੀ ਅਪੀਲ ਪ੍ਰਕਿਰਿਆਵਾਂ ਸੰਬੰਧੀ ਤੁਹਾਡੀਆਂ ਅਜੇ ਵੀ ਕੋਈ ਚਿੰਤਾਵਾਂ ਹਨ ਤਾਂ ਸ਼ਿਕਾਇਤ ਕਰਨ ਸੰਬੰਧਤ ਜਾਣਕਾਰੀ ਉਪਲਬਧ ਹੈ।

ਸਕੂਲ ਨਾਲ ਗੱਲਬਾਤ ਕਰਨ ਬਾਰੇ ਜਾਣਕਾਰੀ ਜੋ ਸਕੂਲ ਕਮਯੁਨਿਟੀ ਚਾਰਟਰ ਵਿੱਚੋਂ ਮਿਲ ਸਕਦੀ ਹੈ ਸਕੂਲ ਵਲੋਂ ਉਪਲਬਧ ਕੀਤੀ ਜਾਵੇਗੀ।

### ਟੈਲੀਫੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਸਕੂਲ ਨਾਲ ਸੰਪਰਕ ਕਰਨਾ ਚਾਹੋ ਅਤੇ ਤੁਹਾਨੂੰ ਅੰਗਰੇਜ਼ੀ ਵਿੱਚ ਸਹਾਇਤਾ ਚਾਹੀਦੀ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰਕੇ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਵਿੱਚ ਸਹਾਇਤਾ ਚਾਹੀਦੀ ਹੈ ਅਤੇ ਅਪਰੇਟਰ ਨੂੰ ਕਹੋ ਕਿ ਉਹ ਸਕੂਲ ਨੂੰ ਫ਼ੋਨ ਕਰੇ। ਅਪਰੇਟਰ ਇੱਕ ਦੁਭਾਸ਼ੀਏ ਨੂੰ ਤੁਹਾਡੀ ਗੱਲ ਬਾਤ ਵਿੱਚ ਸਹਾਇਤਾ ਕਰਨ ਲਈ ਲਾਈਨ 'ਤੇ ਲਿਆਵੇਗਾ/ਲਿਆਵੇਗੀ। ਤੁਹਾਨੂੰ ਇਸ ਸੇਵਾ ਲਈ ਕੋਈ ਵੀ ਫ਼ੀਸ ਨਹੀਂ ਦੇਣੀ ਪਵੇਗੀ।